International Journal of Research
e-ISSN: 2348-6848 & p-ISSN 2348-795X Vol-5, Special Issue-9
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

# ਮੌਖਿਕ ਸਰੋਤਾਂ ਤੋਂ ਇਤਿਹਾਸ ਦੀ ਨਿਰਮਾਣਕਾਰੀ

*ਗੁਰਪ੍ਰੀਤ ਕੌਰ*

*ਅਸਿਸਟੈਂਟ ਪ੍ਰੋਫ਼ੈਸਰ,ਪੰਜਾਬੀ ਵਿਭਾਗ, ਦੇਵ ਸਮਾਜ ਕਾਲਜ ਫ਼ਾਰ ਵੂਮੈਨ, ਫ਼ਿਰੋਜਪੁਰ ਸ਼ਹਿਰ*

ਅਬਸਟ੍ਰੈਕਟ-ਇਤਿਹਾਸ ਲੇਖਣ ਲਈ ਕਈ ਵਿਧੀਆਂ ਅਤੇ ਨਜ਼ਰੀਏ ਅਪਣਾਏ ਜਾਂਦੇ ਰਹੇ ਹਨ। ਕੁਝ ਸਮਾਜ-ਸ਼ਾਸਤਰੀਆਂ, ਲੋਕਧਾਰਾ-ਵਿਗਿਆਨੀਆਂ ਅਤੇ ਸਾਹਿਤ-ਚਿੰਤਕਾਂ ਨੇ ਕਿਸੇ ਭਾਈਚਾਰਕ ਸਮੂਹ ਜਾਂ ਖਿੱਤੇ ਵਿਚ ਮਿਲਦੀ ਮੌਖਿਕ ਸਮੱਗਰੀ ਨੂੰ ਇਤਿਹਾਸ ਲੇਖਣ ਲਈ ਮਹੱਤਵਪੂਰਨ ਸਮੱਗਰੀ ਵਜੋਂ ਪ੍ਰਵਾਨ ਕਰਨ ਦੇ ਮਸ਼ਵਰੇ ਦਿੱਤੇ ਹਨ। ਭਾਵੇਂ ਇਤਿਹਾਸ ਲੇਖਣ ਲਈ ਪ੍ਰਮਾਣਿਕ ਸਰੋਤਾਂ ਅਤੇ ਤੱਥਾਂ ਨੂੰ ਅਨੁਵਾਰੀ ਮੰਨਿਆਂ ਜਾਂਦਾ ਹੈ।ਪ੍ਰਮਾਣਿਕ ਸਮੱਗਰੀ ਤੇ ਤੱਥਾਂ ਦੀ ਪੁਣ-ਛਾਣ ਇਤਿਹਾਸ ਲੇਖਣ ਲਈ ਵਿਗਿਆਨਿਕ ਪੱਧਤੀ ਮੰਨੀ ਜਾਂਦੀ ਹੈ। ਹੁਣ ਤੱਕ ਦੇ ਪ੍ਰਾਪਤ ਲਿਖਤੀ ਇਤਿਹਾਸਾਂ ਨੂੰ ਇਸ ਕਰਕੇ ਸੰਦਹਜਨਕ ਮੰਨਿਆ ਜਾਂਦਾ ਹੈ ਕਿ ਇਤਿਹਾਸ ਲਿਖਣ ਵਾਲਿਆਂ ਜਾਂ ਲਿਖਾਉਣ ਵਾਲਿਆਂ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਹੀ ਇਤਿਹਾਸ ਨੂੰ ਕਲਮਬੱਧ ਕੀਤਾ ਹੈ। ਕੀ ਲਿਖਤੀ ਇਤਿਹਾਸ ਨਿਰਪੱਖ, ਪ੍ਰਮਾਣਿਕ ਅਤੇ ਸੱਚੇ ਤੱਥਾਂ ’ਤੇ ਆਧਾਰਿਤ ਹੁੰਦਾ ਹੈ? ਇਸ ਪ੍ਰਸ਼ਨ ਦਾ ਉੱਤਰ ਦਾਵੇ ਨਾਲ ਨਹੀਂ ਦਿੱਤਾ ਜਾ ਸਕਦਾ। ਲਿਖਤੀ ਇਤਿਹਾਸਾਂ ਬਾਰੇ ਆਮ ਪ੍ਰਵਾਨਿਤ ਰਾਏ ਇਹ ਹੈ ਕਿ ਇਤਿਹਾਸ ਲਿਖਵਾਉਣ ਵਾਲੇ ਜੋ ਅਕਸਰ ਸੱਤਾਧਾਰੀ ਧਿਰ ਹੁੰਦੀ ਹੈ, ਆਪਣੇ ਜਮਾਤੀ ਹਿੱਤਾਂ ਦੇ ਅਨੁਕੂਲ ਜਾਂ ਆਪਣੇ ਮੁਫਾਦ ਲਈ ਇਤਿਹਾਸ ਲਿਖਵਾਉਂਦੇ ਹਨ ਜੋ, ਤੱਥਾਂ ’ਤੇ ਆਧਾਰਿਤ ਨਹੀਂ ਹੁੰਦੇ। ਇਤਿਹਾਸ ਲੇਖਕ ਜਾਂ ਇਤਿਹਾਸਕਾਰ ਵੀ ਕਿਸੇ-ਨਾ-ਕਿਸੇ ਧਿਰ ਜਾਂ ਜਮਾਤ ਦਾ ਪੱਖ ਪੂਰ ਰਹੇ ਹੁੰਦੇ ਹਨ। ਸਾਮੰਤੀ ਯੁੱਗ ਵਿਚ ਇਤਿਹਾਸ ਨੂੰ ਕਲਮਬੱਧ ਕਰਨ ਵਾਲੇ ਸਾਮੰਤਾਂ ਜਾਂ ਰਜਵਾੜਿਆਂ ਦੇ ਦਰਬਾਰੀ ਹੁੰਦੇ ਸਨ। ਉਹਨਾਂ ਦਾ ਦਿੱਤਾ ਖਾਂਦੇ ਸਨ ਅਤੇ ਉਹਨਾਂ ਦੇ ਹਿੱਤਾਂ ਦੀ ਪੂਰਤੀ ਲਈ ਹੀ ਇਤਿਹਾਸ ਲਿਖਦੇ ਜਾਂ ਘੜਦੇ ਸਨ। ਅਜੋਕੇ ਪੂੰਜੀਵਾਦੀ ਯੁੱਗ ਵਿਚ ਵੀ ਕੁਝ ਇਤਿਹਾਸ ਲੇਖਕ ਸੱਤਾ ਦੇ ਕਰਿੰਦਿਆਂ ਵਜੋਂ ਅਜਿਹੇ ਇਤਿਹਾਸ ਲੇਖਕਾਂ ਦੀ ਹੀ ਭੂਮਿਕਾ ਨਿਭਾਉਂਦੇ ਹਨ। ਭਾਵੇਂ, ਅਜੋਕੇ ਲੋਕਤਾਂਤਰਿਕ ਸਮਾਜਾਂ ਵਿਚ ਲੋਕਮੁਖੀ ਚੇਤਨਾ ਦੇ ਪਾਸਾਰ, ਵਿਗਿਆਨਕ ਨਜ਼ਰੀਏ ਅਤੇ ਭਾਈਚਾਰਕ ਦਬਾਵਾਂ ਕਾਰਨ ਅਜਿਹਾ ਇਤਿਹਾਸ ਲੇਖਣ ਵੀ ਸੰਭਵ ਹੋਇਆ ਹੈ, ਜਿਸ ਵਿਚ ਸੱਤਾਧਾਰੀਆਂ ਦੇ ਨਜ਼ਰੀਏ ਤੇ ਹਿੱਤਾਂ ਤੋ ਮੁਕਤ ਹੋ ਕੇ ਲਿਖੇ ਇਤਿਹਾਸ ਵੀ ਮਿਲਣੇ ਸੰਭਵ ਹੋਏ ਹਨ। 20 ਵੀਂ ਸਦੀ ਦੇ ਪਿਛਲੇ ਅੱਧ ਵਿਚ ਤਾਂ ਇਤਿਹਾਸਕਾਰਾਂ, ਸਮਾਜ-ਸ਼ਾਸਤਰੀ ਅਤੇ ਚਿੰਤਕਾਂ ਵੱਲੋਂ ਇਹ ਪ੍ਰਸ਼ਨ ਬਹੁਤ ਜ਼ੋਰਦਾਰ ਆਵਾਜ਼ ਵਿਚ ਬੁਲੰਦ ਕੀਤਾ ਗਿਆ ਹੈ ਤੇ ਹੁਣ ਤੱਕ ਦੇ ਪ੍ਰਾਪਤ ਇਤਿਹਾਸਾਂ ਨੂੰ ਜਨਵਾਦੀ ਨਜ਼ਰੀਏ ਤੋਂ ਮੁੜਕੇ ਲਿਖਣ ਦੀ ਲੋੜ ਹੈ।ਨਵ-ਇਤਿਹਾਸਵਾਦੀ ਲਹਿਰ ਦੇ ਚਿੰਤਕਾਂ ਨੇ ਹੁਣ ਤੱਕ ਦੇ ਲਿਖਤ ਇਤਿਹਾਸਾਂ ਦੀ ਪ੍ਰਮਾਣਿਕਤਾ, ਨਿਰਪੱਖਤਾ ਅਤੇ ਵਿਗਿਆਨਿਕਤਾ ’ਤੇ ਵੀ ਤਿੱਖੇ ਸਵਾਲ ਖੜ੍ਹੇ ਕੀਤੇ ਹਨ।

ਪੱਛਮ ਵਿੱਚ 20 ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਵੱਖ-ਵੱਖ ਸਰੋਤਾਂ ਤੋਂ ਸਮੱਗਰੀ ਪ੍ਰਾਪਤ ਕਰਕੇ ਇਤਿਹਾਸ ਨਿਰਮਾਣਕਾਰੀ ਦੇ ਯਤਨ ਹੋਏ ਹਨ। ਪ੍ਰੋ. ਐਲਨ ਨੀਵਸ ਨੇ ਤਾਂ ਮੋਖਿਤ ਰਵਾਇਤਾਂ ਨੂੰ ਇਤਿਹਾਸ ਲੇਖਣ ਦਾ ਪ੍ਰਮੁੱਖ ਸਰੋਤ ਮੰਨਣ ਦੀ ਵਕਾਲਤ ਕੀਤੀ ਹੈ। ਜਾਰਜ ਲਾਰਨਸ ਗਾਮ ਵਰਗੇ ਚਿੰਤਕਾਂ ਨੇ ਤਾਂ ਲੋਕਧਾਰਾ ਨੂੰ ‘ਇਤਿਹਾਸ ਦਾ ਵਿਗਿਆਨ’ ਕਿਹਾ ਹੈ। ਪੱਛਮ ਦੇ ਬਹੁਤ ਸਾਰੇ ਮਾਨਵ-ਵੰਸ਼ ਵਿਗਿਆਨੀਆਂ,ਲੋਕਧਾਰਾ-ਵਿਗਿਆਨੀਆਂ ਅਤੇ ਭਾਸ਼ਾ-ਵਿਗਿਆਨੀਆਂ ਨੇ ਤਾਂ ਲੋਕਧਾਰਾ ਅਤੇ ਲੋਕ-ਸਾਹਿਤ ਨੂੰ ਇਤਿਹਾਸ ਲੇਖਣ ਦੀ ਭਰੋਸੇਯੋਗ ਸਮੱਗਰੀ ਵਜੋਂ ਪ੍ਰਵਾਨ ਕੀਤਾ ਤੇ ਵਰਤਿਆਂ ਹੈ। ਧਿਆਨ ਸਿਰਫ ਇਸ ਗੱਲ ਦਾ ਰੱਖਣ ਦੀ ਜ਼ਰੂਰਤ ਹੈ ਕਿ ਮੌਖਿਕ ਸਮੱਗਰੀ ਤੇ ਸੋਰਤਾਂ ਨੂੰ ਇਤਿਹਾਸ ਦੇ ਨਿਰਮਾਣ ਲਈ ਵਰਤਣ ਸਮੇਂ ਨਜ਼ਰੀਆਂ ਕਿਹੜਾ ਅਪਣਾਉਂਦਾ ਹੈ। ਮਸਲਨ, ਜਦੋਂ ਕੋਈ ਇਤਿਹਾਸਕਾਰ ਪੰਜਾਬ ਦੀ ਮੌਖਿਕ ਪ੍ਰੰਪਰਾ ਵਿਚੋਂ ਮਿਲਦੀਆਂ ਦੰਤ-ਕਥਾਵਾਂ ਦੇ ਆਧਾਰ ’ਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਾਲ ਸਮੇਂ ਇਕ ਬੁੱਢੀ ਲੋੜਵੰਦ ਔਰਤ ਦੇ ਘਰੇ ਅਨਾਜ ਚੁੱਕ ਕੇ ਲੈ ਜਾਣ ਵਾਲੇ ਲੋਕ-ਦਰਦੀ ਵਜੋਂ ਪੇਸ਼ ਕਰਦਾ ਹੈ ਤਾਂ ਉਸਦਾ ਨਜ਼ਰੀਆਂ ਸਥਿਤੀਆਂ ਦੇ ਇਤਿਹਾਸਕ ਵਿਵੇਕ ਨਾਲੋਂ ਵੱਧ ਸਿੱਖ-ਭਾਵਨਾ ਮੂਲਕ ਦ੍ਰਿਸ਼ਟੀ ਵਾਲਾ ਹੋਵੇਗਾ,ਨਾ ਕਿ ਵਿਗਿਆਨਿਕ। ਪੰਜਾਬ ਦੀ ਲੋਕਧਾਰਾ ਉਪਰ ਕੰਮ ਕਰਨ ਵਾਲੇ ਬਹੁਤੇ ਪੱਛਮੀ ਵਿਦਵਾਨਾਂ ਜਿਵੇਂ ਕਿ ਆਰ.ਸੀ. ਟੈਂਪਲ ਆਦਿ ਨੇ ਬਸਤੀਵਾਦੀ ਨਜ਼ਰੀਏ ਤੋਂ ਸਾਡੀ ਲੋਕਧਾਰਾ ਦਾ ਮੁਲਾਂਕਣ ਕਰਦਿਆਂ ਮੌਖਿਕ ਸਰੋਤਾਂ ਨੂੰ ਇਸ ਤਰ੍ਹਾਂ ਵਰਤਿਆਂ ਕਿ ਸਾਨੂੰ ਇਕ ਪੱਛੜੀ, ਜਾਂਗਲੀ ਜਾਂ ਉਜੱਡ ਕੌਮ ਦੇ ਰੂਪ ਵਿਚ ਹੀ ਪੇਸ਼ ਕੀਤਾ। ਦੂਜੇ ਪਾਸੇ ਜਦੋਂ ਪੰਜਾਬ ਦੇ ਲੋਕਧਾਰਾ ਵਿਗਿਆਨੀ, ਸਮਾਜ-ਸ਼ਾਸਤਰੀ ਅਤੇ ਮਾਨਵ-ਵੰਸ਼ ਵਿਗਿਆਨੀ ਸਾਡੀ ਮੌਖਿਕ ਪਰੰਪਰਾ ਦਾ ਅਧਿਅਨ-ਵਿਸ਼ਲੇਸ਼ਣ ਕਰਦੇ ਹਨ ਤਾਂ ਉਹ ਸਾਡੀਆਂ ਸਥਾਨਿਕ ਮਾਨਵਵਾਦੀ, ਉਸਾਰੂ, ਲੋਕ-ਹਿਤੂ, ਤਰਕਸ਼ੀਲ ਅਤੇ ਵਿਦਰੋਹੀ ਪ੍ਰੰਪਰਾਵਾਂ ਨੂੰ ਰੇਖਾਂਕਿਤ ਤੇ ਸਥਾਪਿਤ ਕਰਦੇ ਹਨ। ਅਸੀਂ ਆਪਣੇ ਖੋਜ-ਪੱਤਰ ਵਿਚ ਪੰਜਾਬੀ ਲੋਕ-ਪ੍ਰੰਪਰਾ ਵਿਚਲੇ ਚੋਣਵੇਂ ਮੌਖਿਕ ਸਰੋਤਾਂ ਨੂੰ ਇਤਿਹਾਸ ਨਿਰਮਾਣ ਦੀ ਸਮੱਗਰੀ ਵਜੋਂ ਦੇਖਣ ਤੇ ਵਿਚਾਰਨ ਦਾ ਯਤਨ ਕਰਾਂਗੇ।

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਇਤਿਹਾਸ ਲੇਖਣ ਲਈ ਕਈ ਵਿਧੀਆਂ ਅਤੇ ਨਜਰੀਏ ਅਪਣਾਏ ਜਾਂਦੇ ਰਹੇ ਹਨ। ਕੁਝ ਸਮਾਜ-ਸ਼ਾਸਤਰੀਆਂ, ਲੋਕਧਾਰਾ-ਵਿਗਿਆਨੀਆਂ ਅਤੇ ਸਾਹਿਤ-ਚਿੰਤਕਾਂ ਨੇ ਕਿਸੇ ਭਾਈਚਾਰਕ ਸਮੂਹ ਜਾਂ ਖਿੱਤੇ ਵਿਚ ਮਿਲਦੀ ਮੌਖਿਕ ਸਮੱਗਰੀ ਨੂੰ ਇਤਿਹਾਸ ਲੇਖਣ ਲਈ ਮਹੱਤਵਪੂਰਨ ਸਮੱਗਰੀ ਵਜੋਂ ਪ੍ਰਵਾਨ ਕਰਨ ਦੇ ਮਸ਼ਵਰੇ ਦਿੱਤੇ ਹਨ। ਭਾਵੇਂ ਇਤਿਹਾਸ ਲੇਖਣ ਲਈ ਪ੍ਰਮਾਣਿਕ ਸਰੋਤਾਂ ਅਤੇ ਤੱਥਾਂ ਨੂੰ ਅਨੁਵਾਰੀ ਮੰਨਿਆਂ ਜਾਂਦਾ ਹੈ। ਪ੍ਰਮਾਣਿਕ ਸਮੱਗਰੀ ਤੇ ਤੱਥਾਂ ਦੀ ਪੁਣਛਾਣ ਇਤਿਹਾਸ ਲੇਖਣ ਲਈ ਵਿਗਿਆਨਿਕ ਪੱਧਤੀ ਮੰਨੀ ਜਾਂਦੀ ਹੈ। ਹੁਣ ਤੱਕ ਦੇ ਪ੍ਰਾਪਤ ਲਿਖਤੀ ਇਤਿਹਾਸਾਂ ਨੂੰ ਇਸ ਕਰਕੇ ਸੰਦੇਹਜਨਕ ਮੰਨਿਆ ਜਾਂਦਾ ਹੈ ਕਿ ਇਤਿਹਾਸ ਲਿਖਣ ਵਾਲਿਆਂ ਜਾਂ ਲਿਖਾਉਣ ਵਾਲਿਆਂ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਹੀ ਇਤਿਹਾਸ ਨੂੰ ਕਲਮਬੱਧ ਕੀਤਾ ਹੈ। ਕੀ ਲਿਖਤੀ ਇਤਿਹਾਸ ਨਿਰਪੱਖ, ਪ੍ਰਮਾਣਿਕ ਅਤੇ ਸੱਚੇ ਤੱਥਾਂ' ਤੇ ਆਧਾਰਿਤ ਹੁੰਦਾ ਹੈ? ਇਸ ਪ੍ਰਸ਼ਨ ਦਾ ਉੱਤਰ ਦਾਵੇ ਨਾਲ ਹਾਂ ਦੇ ਰੂਪ ਨਹੀਂ ਦਿੱਤਾ ਜਾ ਸਕਦਾ। ਲਿਖਤੀ ਇਤਿਹਾਸਾਂ ਬਾਰੇ ਆਮ ਪ੍ਰਵਾਨਿਤ ਰਾਏ ਇਹ ਹੈ ਕਿ ਇਤਿਹਾਸ ਲਿਖਵਾਉਣ ਵਾਲੇ ਜੋ ਅਕਸਰ ਸੱਤਾਧਾਰੀ ਧਿਰ ਹੁੰਦੀ ਹੈ, ਆਪਣੇ ਜਮਾਤੀ ਹਿੱਤਾਂ ਦੇ ਅਨੁਕੂਲ ਜਾਂ ਆਪਣੇ ਮੁਫਾਦ ਲਈ ਇਤਿਹਾਸ ਲਿਖਵਾਉਂਦੇ ਹਨ ਜੋ, ਸੱਚ 'ਤੇ ਆਧਾਰਿਤ ਨਹੀਂ ਹੁੰਦੇ। ਇਤਿਹਾਸ ਲੇਖਕ ਜਾਂ ਇਤਿਹਾਸਕਾਰ ਵੀ ਕਿਸੇ ਨਾ ਕਿਸੇ ਧਿਰ ਜਾਂ ਜਮਾਤ ਦਾ ਪੱਖ ਪੂਰ ਰਹੇ ਹੁੰਦੇ ਹਨ। ਸਾਮੰਤੀ ਯੁੱਗ ਵਿਚ ਇਤਿਹਾਸ ਨੂੰ ਕਲਮਬੱਧ ਕਰਨ ਵਾਲੇ ਸਾਮੰਤਾਂ ਜਾਂ ਰਜਵਾੜਿਆਂ ਦੇ ਦਰਬਾਰੀ ਹੁੰਦੇ ਸਨ। ਉਹਨਾਂ ਦਾ ਦਿੱਤਾ ਖਾਂਦੇ ਸਨ ਅਤੇ ਉਹਨਾਂ ਦੇ ਹਿੱਤਾਂ ਦੀ ਪੂਰਤੀ ਲਈ ਹੀ ਇਤਿਹਾਸ ਲਿਖਦੇ ਜਾਂ ਘੜਦੇ ਸਨ। ਅਜੋਕੇ ਪੂੰਜੀਵਾਦੀ ਯੁੱਗ ਵਿੱਚ ਵੀ ਕੁਝ ਇਤਿਹਾਸ ਲੇਖਕ ਸੱਤਾ ਦੇ ਕਰਿੰਦਿਆਂ ਵਜੋਂ ਅਜਿਹੇ ਇਤਿਹਾਸ ਲੇਖਕਾਂ ਦੀ ਹੀ ਭੂਮਿਕਾ ਨਿਭਾਉਂਦੇ ਹਨ। ਭਾਵੇਂ, ਅਜੋਕੇ ਲੋਕਤਾਂਤਰਿਕ ਸਮਾਜਾਂ ਵਿਚ ਲੋਕਮੁਖੀ ਚੇਤਨਾ ਦੇ ਪਾਸਾਰ, ਵਿਗਿਆਨਕ ਨਜ਼ਰੀਏ ਅਤੇ ਭਾਈਚਾਰਕ ਦਬਾਵਾਂ ਕਾਰਨ ਅਜਿਹਾ ਇਤਿਹਾਸ ਲੇਖਣ ਵੀ ਸੰਭਵ ਹੋਇਆ ਹੈ, ਜਿਸ ਵਿਚ ਸੱਤਾਧਾਰੀਆਂ ਦੇ ਨਜ਼ਰੀਏ ਤੇ ਹਿੱਤਾਂ ਤੋਂ ਮੁਕਤ ਹੋ ਕੇ ਲਿਖੇ ਇਤਿਹਾਸ ਵੀ ਮਿਲਣੇ ਸੰਭਵ ਹੋਏ ਹਨ। 20ਵੀਂ ਸਦੀ ਦੇ ਪਿਛਲੇ ਅੱਧ ਵਿਚ ਤਾਂ ਇਤਿਹਾਸਕਾਰਾਂ, ਸਮਾਜ-ਸ਼ਾਸਤਰੀਆਂ ਅਤੇ ਚਿੰਤਕਾਂ ਵੱਲੋਂ ਇਹ ਪ੍ਰਸ਼ਨ ਬਹੁਤ ਜ਼ੋਰਦਾਰ ਆਵਾਜ਼ ਵਿਚ ਬੁਲੰਦ ਕੀਤਾ ਗਿਆ ਹੈ ਤੇ ਹੁਣ ਤੱਕ ਦੇ ਪ੍ਰਾਪਤ ਇਤਿਹਾਸਾਂ ਨੂੰ ਜਨਵਾਦੀ ਨਜ਼ਰੀਏ ਤੋਂ ਮੁੜਕੇ ਲਿਖਣ ਦੀ ਲੋੜ ਹੈ। ਨਵ-ਇਤਿਹਾਸਵਾਦੀ ਲਹਿਰ ਦੇ ਚਿੰਤਕਾਂ ਨੇ ਹੁਣ ਤੱਕ ਦੇ ਲਿਖਤ ਇਤਿਹਾਸਾਂ ਦੀ ਪ੍ਰਮਾਣਿਕਤਾ, ਨਿਰਪੱਖਤਾ ਅਤੇ ਵਿਗਿਆਨਿਕਤਾ 'ਤੇ ਵੀ ਤਿੱਕੇ ਸਵਾਲ ਖੜ੍ਹੇ ਕੀਤੇ ਹਨ। ਇਸੇ ਤਰ੍ਹਾਂ ਦਲਿਤ, ਨਾਰਵਾਦੀ ਅਤੇ ਸਬਾਲਟਰਨ ਚਿੰਤਕਾਂ ਨੇ ਇਹਨਾਂ ਧਿਰਾਂ ਦੇ ਨਜਰੀਏ ਤੋਂ ਇਤਿਹਾਸਾਂ ਨੂੰ ਮੁੜਕੇ ਲਿਖੇ ਜਾਂ ਵਾਚੇ ਜਾਣ ਦੀ ਵਕਾਲਤ ਕੀਤੀ ਹੈ। ਪ੍ਰੋ. ਰਣਜੀਤ ਗੁਹਾ ਤੇ ਹੋਰ ਸਬਾਲਟਰਨ ਚਿੰਤਕਾਂ ਨੇ ਹਾਸ਼ੀਏ ਦੇ ਸਮਾਜਾਂ ਦੇ ਇਤਿਹਾਸ ਲਈ 'History from the Below' ਦਾ ਸੰਕਲਪ ਦਿੱਤਾ ਹੈ।

ਪੱਛਮ ਵਿਚ 20ਵੀਂ ਸਦੀ ਦੇ ਪਿਛਲੇ ਅੱਧ ਵਿਚ ਵੱਖ-ਵੱਖ ਮੌਖਿਕ ਸਰੋਤਾਂ ਤੋਂ ਸਮੱਗਰੀ ਪ੍ਰਾਪਤ ਕਰਕੇ ਇਤਿਹਾਸ ਨਿਰਮਾਣਕਾਰੀ ਦੇ ਯਤਨ ਹੋਏ ਹਨ। ਕਲੰਬੀਆਂ ਯੂਨੀਵਰਸਿਟੀ ਵਿੱਚ 1948 ਈ. 'ਚ 'Oral History' ਦਾ ਡਿਪਾਰਟਮੈਂਟ ਆਰੰਭ ਕਰਨ ਵਾਲੇ ਪ੍ਰੋ. ਐਲਨ ਨੀਵਸ ਨੇ ਤਾਂ ਮੌਖਿਕ ਰਵਾਇਤਾਂ ਨੂੰ ਇਤਿਹਾਸ ਲੇਖਣ ਦਾ ਪ੍ਰਮੁੱਖ ਸਰੋਤ ਮੰਨਣ ਦੀ ਵਕਾਲਤ ਕੀਤੀ ਹੈ।[1] ਜਾਰਜ ਲਾਰਨਸ ਗੋਮ ਵਰਗੇ ਚਿੰਤਕਾਂ ਨੇ ਤਾਂ ਲੋਕਧਾਰਾਂ ਨੂੰ 'ਇਤਿਹਾਸ ਦਾ ਵਿਗਿਆਨ' ਕਿਹਾ ਹੈ।[2] ਪੱਛਮ ਦੇ ਬਹੁਤ ਸਾਰੇ ਮਾਨਵਵੰਸ਼-ਵਿਗਿਆਨੀਆਂ, ਲੋਕਧਾਰਾਂ-ਵਿਗਿਆਨੀਆਂ ਅਤੇ ਭਾਸ਼ਾ ਵਿਗਿਆਨੀਆਂ ਨੇ ਤਾਂ ਲੋਕਧਾਰਾ ਅਤੇ ਲੋਕ-ਸਾਹਿਤ ਨੂੰ ਇਤਿਹਾਸ ਲੇਖਣ ਦੀ ਭਰੋਸੇਯੋਗ ਸਮੱਗਰੀ ਵਜੋਂ ਪ੍ਰਵਾਨ ਕੀਤਾ ਤੇ ਵਰਤਿਆ ਹੈ। ਧਿਆਨ ਸਿਰਫ਼ ਇਸ ਗੱਲ ਦਾ ਰੱਖਣ ਦੀ ਜ਼ਰੂਰਤ ਹੈ ਕਿ ਮੌਖਿਕ ਸਮੱਗਰੀ ਤੇ ਸਰੋਤਾਂ ਨੂੰ ਇਤਿਹਾਸ ਦੇ ਨਿਰਮਾਣ ਲਈ ਵਰਤਣ ਸਮੇਂ ਨਜ਼ਰੀਆਂ ਕਿਹੜਾ ਅਪਣਾਉਂਦਾ ਹੈ। ਮਸਲਨ, ਜਦੋਂ ਕੋਈ ਇਤਿਹਾਸਕਾਰ ਪੰਜਾਬ ਦੀ ਮੌਖਿਕ ਪ੍ਰੰਪਰਾਂ ਵਿਚੋਂ ਮਿਲਦੀਆਂ ਦੰਤ-ਕਥਾਵਾਂ ਦੇ ਆਧਾਰ 'ਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਾਲ ਪੈਣ ਸਮੇਂ ਇਕ ਬੁੱਢੀ ਲੋੜਵੰਦ ਔਰਤ ਦੇ ਘਰੇ ਅਨਾਜ ਚੁੱਕ ਕੇ ਲੈ ਜਾਣ ਵਾਲੇ ਲੋਕ-ਦਰਦੀ ਵਜੋਂ ਪੇਸ਼ ਕਰਦਾ ਹੈ ਤਾਂ ਉਸਦਾ ਨਜ਼ਰੀਆਂ ਸਥਿਤੀਆਂ ਦੇ ਇਤਿਹਾਸਕ ਵਿਵੇਕ ਨਾਲੋਂ ਵੱਧ ਸਿੱਖ-ਭਾਵਨਾ ਮੂਲਕ ਦ੍ਰਿਸ਼ਟੀ ਵਾਲਾ ਹੋਵੇਗਾ, ਨਾ ਕਿ ਵਿਗਿਆਨਿਕ। ਪੰਜਾਬ ਦੀ ਲੋਕਧਾਰਾ ਉਪਰ ਕੰਮ ਕਰਨ ਵਾਲੇ ਬਹੁਤੇ ਪੱਛਮੀ ਵਿਦਵਾਨਾਂ ਜਿਵੇਂ ਕਿ ਆਰ.ਸੀ. ਟੈਂਪਲ ਆਦਿ ਨੇ ਬਸਤੀਵਾਦੀ ਨਜ਼ਰੀਏ ਤੋਂ ਸਾਡੀ ਲੋਕਧਾਰਾ ਦਾ ਮੁਲਾਂਕਣ ਕਰਦਿਆਂ ਮੌਖਿਕ ਸਰੋਤਾਂ ਨੂੰ ਇਸ ਤਰ੍ਹਾਂ ਵਰਤਿਆਂ ਕਿ ਸਾਨੂੰ ਇਕ ਪੱਛੜੀ, ਜਾਂਗਲੀ ਜਾਂ ਉਜੱਡ ਕੌਮ ਦੇ ਰੂਪ ਵਿਚ ਹੀ ਪੇਸ਼ ਕੀਤਾ।[3] ਦੂਜੇ ਪਾਸੇ ਜਦੋਂ ਪੰਜਾਬ ਦੇ ਲੋਕਧਾਰਾ ਵਿਗਿਆਨੀ, ਸਮਾਜ-ਸ਼ਾਸਤਰੀ ਅਤੇ ਮਾਨਵਵੰਸ਼-ਵਿਗਿਆਨੀ ਸਾਡੀ ਮੌਖਿਕ ਪਰੰਪਰਾ ਦਾ ਅਧਿਐਨ-ਵਿਸ਼ਲੇਸ਼ਣ ਕਰਦੇ ਹਨ ਤਾਂ ਉਹ ਸਾਡੀਆਂ ਸਥਾਨਿਕ ਮਾਨਵਵਾਦੀ, ਉਸਾਰੂ, ਲੋਕ-ਹਿੱਤੂ, ਤਰਕਸ਼ੀਲ ਅਤੇ ਵਿਦਰੋਹੀ ਪ੍ਰੰਪਰਾਵਾਂ ਨੂੰ ਰੇਖਾਂਕਿਤ ਤੇ ਸਥਾਪਿਤ ਕਰਦੇ ਹਨ। ਅਸੀਂ ਆਪਣੇ ਖੋਜ-ਪੱਤਰ ਵਿਚ ਪੰਜਾਬੀ ਲੋਕ-ਪ੍ਰੰਪਰਾ ਵਿਚਲੇ ਚੋਣਵੇਂ ਮੌਖਿਕ ਸਰੋਤਾਂ ਨੂੰ ਇਤਿਹਾਸ ਨਿਰਮਾਣ ਦੀ ਸਮੱਗਰੀ ਵਜੋਂ ਦੇਖਣ ਤੇ ਵਿਚਾਰਨ ਦਾ ਯਤਨ ਕਰਾਂਗੇ।

ਪੰਜਾਬੀ ਲੋਕ-ਸਾਹਿਤ ਵਿਚ ਜੱਗੇ ਡਾਕੂ ਨੂੰ ਸੂਰਮੇ ਲੋਕ ਨਾਇਕ ਵਜੋਂ ਸਿਮਰਿਆ ਗਿਆ ਹੈ। ਜੱਗਾ ਬਰਤਾਨਵੀ ਰਾਜ ਸਮੇਂ ਦਾ ਇਕ ਬਾਗੀ ਨੌਜਵਾਨ ਸੀ। ਜੋ, ਸਥਾਨਿਕ ਪੁਲਿਸ ਦਾ ਸਤਾਇਆ ਭਗੌੜਾ ਹੋ ਗਿਆ ਸੀ। ਡਾਕੂਆਂ ਦੇ ਟੋਲੇ 'ਚ ਸ਼ਾਮਿਲ ਹੋ ਕੇ ਉਸਨੇ ਲਾਇਲਪੁਰ ਇਕੋ-ਇਕ ਡਾਕਾ ਮਾਰਿਆ। ਜਿਸ ਨੇ ਅੰਗਰੇਜ਼ ਅਧਿਕਾਰੀਆਂ ਤੇ ਹਾਕਮਾਂ ਦੀ ਨੀਂਦ ਹਰਾਮ ਕਰ ਦਿੱਤੀ।

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਉਸਦੇ ਭਗੌੜਾ ਹੋਣ ਤੇ ਮਰ ਜਾਣ ਵਿਚਕਾਰ 89 ਦਿਨਾਂ ਦਾ ਛੋਟਾ ਜਿਹਾ ਵਕਫ਼ਾ ਹੈ, ਇਸਦੀ ਤਸਦੀਕ ਸਰਕਾਰੀ ਰਿਕਾਰਡ ਕਰਦੇ ਹਨ। ਬਸਤੀਵਾਦੀ ਬਰਤਾਨਵੀ ਹਾਕਮਾਂ ਦੀ ਲੁੱਟ ਤੇ ਦਮਨ ਤੋਂ ਨਾਬਰ ਜ਼ਹਿਨ ਵਾਲੀ ਪੰਜਾਬੀ ਵੱਸੋ ਇੰਨੀ ਸਤੀ ਹੋਈ ਸੀ ਕਿ ਉਸਨੇ ਜੱਗੇ ਨੂੰ ਨਾ ਕੇਵਲ ਨਾਇਕ ਮੰਨ ਲਿਆ ਸਗੋਂ, ਇਕ ਵਿਸ਼ੇਸ਼ ਛੰਦ-ਚਾਲ ਵਾਲੇ ਕਾਵਿ-ਰੂਪ ਨੂੰ ਨਾਮ ਹੀ ਜੱਗਾ ਦੇ ਦਿੱਤਾ। ਪੰਜਾਬੀ ਦਾ ਇਹ ਲੋਕ-ਗੀਤ ਜੱਗੇ ਦੇ ਫੁਲਝੜੀ ਵਾਂਗ ਖਿੜਕੇ ਬੁੱਝ ਜਾਣ ਦੇ ਅਲਪ ਕਾਲ ਨੂੰ ਹੀ ਦਰਸਾਉਂਦਾ ਹੈ।

ਜੱਗਾ ਜੰਮਿਆਂ ਪਹਿਰ ਦੇ ਤੜਕੇ,

ਲੋਢੇ ਵੇਲੇ ਖੇਡਦਾ ਫਿਰੇ।

ਮਾਨਵਵੰਸ਼-ਵਿਗਿਆਨੀ, ਲੋਕਧਾਰਾ-ਸ਼ਾਸਤਰੀ ਅਤੇ ਸਭਿਆਚਾਰਕ ਸਿਰਜਣਾਵਾਂ ਦੇ ਮਾਹਿਰ ਇਹ ਮੰਨਦੇ ਹਨ ਕਿ ਲੋਕ-ਸਾਹਿਤ ਕਿਸੇ ਖਿੱਤੇ ਵਿਸ਼ੇਸ਼ ਦੇ ਲੋਕ-ਜੀਵਨ ਦਾ ਅਕਸ਼ ਹੁੰਦਾ ਹੈ। ਲੋਕਧਾਰਾ ਅਤੇ ਲੋਕ-ਸਾਹਿਤ ਦਾ ਨਿਰਮਾਣ ਲੋਕ, ਸਮੂਹ ਕਰਦਾ ਹੈ।[4] ਭਾਵੇਂ ਲੋਕ-ਸਾਹਿਤ ਦੀ ਸਿਰਜਣਾ ਕਰਦਾ ਤਾਂ ਕੋਈ ਵਿਅਕਤੀ ਵਿਸ਼ੇਸ਼ ਹੀ ਹੋਵੇਗਾ ਪਰ, ਲੋਕ ਸਮੂਹ ਉਸਨੂੰ ਪ੍ਰਵਾਨਗੀ ਦੇ ਕੇ ਮੌਖਿਕ ਰੂਪ ਵਿਚ ਸੀਨਾ-ਬਸੀਨਾ ਤੋਰੀ ਰੱਖਦਾ ਹੈ।[5] ਲੋਕ-ਸਮੂਹ ਦੀ ਪ੍ਰਵਾਨਗੀ ਤੇ ਸਮੇਂ-ਸਮੇਂ ਲੋਕਾਂ ਵੱਲੋਂ ਉਸ 'ਚ ਪਾਏ ਜਾਂਦੇ ਰਲੇ ਜਾਂ ਕੀਤੇ ਜਾਂਦੇ ਵਾਧੇ-ਘਾਟਿਆਂ ਕਰਕੇ ਲੋਕ-ਸਾਹਿਤ ਦਾ ਨਾ ਤਾਂ ਕੋਈ ਇਕ ਪ੍ਰਮਾਣਿਕ ਪਾਠ ਹੁੰਦਾ ਹੈ ਅਤੇ ਨਾ ਹੀ ਉਸ ਉਪੱਰ ਉਸਦੇ ਕਰਤੇ ਦੀ ਵਿਸ਼ੇਸ਼ ਨਾਮ-ਰੂਪ ਵਾਲੀ ਛਾਪ ਹੁੰਦੀ ਹੈ।[6] ਲੋਕ-ਸਾਹਿਤ ਅਰਥਾਤ ਲੋਕ-ਗੀਤ, ਲੋਕ-ਬਿਰਤਾਂਤ ਅਤੇ ਲੋਕ-ਕਥਾਵਾਂ ਆਦਿ ਮੂੰਹੋ-ਮੂੰਹ ਇਤਿਹਾਸ ਦੇ ਨਾਲ-ਨਾਲ ਤੁਰਦੀਆਂ ਵੀ ਰਹਿੰਦੀਆਂ ਹਨ, ਉਹਨਾਂ 'ਚ ਨਵੇਂ ਵੇਰਵੇ ਤੇ ਪ੍ਰਸੰਗ ਵੀ ਜੁੜਦੇ ਰਹਿੰਦੇ ਹਨ। ਲੋਕ ਸਮੂਹ ਜਾਂ ਲੋਕ-ਚਿੱਤ ਦੀ ਸਮੇਂ-ਸਮੇਂ ਦੀ ਭਾਗੀਦਾਰੀ ਕਰਕੇ ਲੋਕ-ਸਾਹਿਤ ਗਤੀਸ਼ੀਲ ਸਿਰਜਣਾ ਬਣੀ ਰਹਿੰਦੀ ਹੈ। ਲੋਕ-ਸਾਹਿਤ ਦੇ ਸਿਆਣੇ ਪਾਰਖੂਆਂ ਨੇ ਲੋਕ-ਧਾਰਾ ਤੇ ਇਤਿਹਾਸ ਦੇ ਰਿਸ਼ਤੇ ਨੂੰ ਫ਼ਸਲ ਦੇ ਨਵੇਂ ਲੋਅ ਦੇ ਮੈਟਾਫ਼ਰ ਰਾਹੀਂ ਸਮਝਾਇਆ ਹੈ। ਲੋਕ-ਸਾਹਿਤ ਵਿਚ ਇਤਿਹਾਸ ਬੰਦ ਵਰਤਾਰੇ (Close System) ਵਾਂਗ ਨਹੀਂ, ਵਗਦੀ ਧਾਰਾ ਵਾਂਗ ਪੇਸ਼ ਹੁੰਦਾ ਹੈ। ਅਰਥਾਤ ਲੋਕਧਾਰਾ ਜਾਂ ਸਾਹਿਤ ਇਤਿਹਾਸ ਨੂੰ ਸਾਂਭੀ ਵੀ ਤੁਰਿਆ ਆਉਂਦਾ ਹੈ ਤੇ ਸਮੇਂ ਦੀਆਂ ਲੋੜਾਂ ਮੁਤਾਬਿਕ ਉਸ'ਚ ਰਲੇ/ਇਜਾਫ਼ਾ ਵੀ ਪਾਈ ਆਉਂਦਾ ਹੈ।ਇਸੇ ਲਈ ਮਾਨਵਵੰਸ਼-ਵਿਗਿਆਨੀਆਂ ਅਤੇ ਲੋਕਧਾਰਾ-ਸ਼ਾਸਤਰੀਆਂ ਨੇ ਲੋਕ-ਗੀਤਾਂ, ਲੋਕ-ਕਥਾਵਾਂ ਅਤੇ ਲੋਕ-ਬਿਰਤਾਂਤਾਂ ਨੂੰ ਮੌਖਿਕ ਇਤਿਹਾਸ ਦੀ ਸਮੱਗਰੀ ਵਜੋਂ ਪ੍ਰਵਾਨ ਕਰਦਿਆਂ ਇਤਿਹਾਸ ਦੇ ਨਿਰਮਾਣ 'ਚ ਇਸਦੇ ਯੋਗਦਾਨ ਨੂੰ ਮੁੱਲਵਾਨ ਸਮਝਿਆ ਹੈ।[7]

20ਵੀਂ ਸਦੀ ਵਿਚ ਮਾਨਵਵੰਸ਼-ਵਿਗਿਆਨੀਆਂ ਅਤੇ ਸਭਿਆਚਾਰਕ ਅਧਿਐਨਾਂ ਦੇ ਮਾਹਿਰਾਂ ਵਲੋਂ ਲੋਕ-ਸਾਹਿਤ ਦਾ ਅਧਿਐਨ-ਵਿਸ਼ਲੇਸ਼ਣ ਕਰਨ ਬਾਅਦ ਇਹ ਨਤੀਜਾ ਕੱਢਿਆ ਕਿ ਲੋਕ-ਸਾਹਿਤ ਕਿਸੇ ਵਿਸ਼ੇਸ਼ ਖਿੱਤੇ, ਭਾਈਚਾਰਕ ਸਮੂਹ ਜਾਂ ਸਾਂਝੇ ਵਿਸ਼ਵਾਸਾਂ ਵਾਲੇ ਕਿਸੇ ਈਥਨਕ ਭਾਈਚਾਰੇ ਦੇ ਸਮੂਹਿਕ ਅਵਚੇਤਨ ਦਾ ਪ੍ਰਗਟਾਵਾ ਹੁੰਦਾ ਹੈ। ਜਿਸ ਨੂੰ ਸੌਖੀ ਭਾਸ਼ਾ 'ਚ ਕਿਸੇ ਭਾਈਚਾਰੇ ਜਾਂ ਜੂਹ (ਭੂਗੋਲਿਕ ਖਿੱਤੇ) ਦੀਆਂ ਕਦੀਮੀ ਕਦਰਾਂ ਜਾਂ ਰੀਤਾਂ ਕਿਹਾ ਜਾ ਸਕਦਾ ਹੈ। ਸਾਂਦਲ ਬਾਰ ਜਿਸਨੂੰ ਦੁੱਲੇ ਦੀ ਜੂਹ ਵੀ ਕਹਿ ਦਿੱਤਾ ਜਾਂਦਾ ਹੈ, ਆਪਣੀ ਵੱਸੋਂ ਦੇ ਨਾਬਰ ਜਿਹਨ ਕਰਕੇ ਮਸ਼ਹੂਰ ਹੈ। ਅਸੀਂ ਇਹ ਜਾਨਣ ਲਈ ਕਿ ਮੌਖਿਕ ਸਾਹਿਤ ਇਤਿਹਾਸ ਨਿਰਮਾਣ ਦਾ ਸਰੋਤ ਕਿਵੇਂ ਹੋ ਸਕਦਾ ਹੈ, ਸਾਂਦਲ ਬਾਰ ਦੇ ਕਿਸੇ ਅਗਿਆਤ ਲੇਖਕ ਦਾ ਇਹ ਢੋਲਾ ਆਪਣੇ ਅਧਿਐਨ ਲਈ ਚੁਣ ਰਹੇ ਹਾਂ।

ਆਖੇ ਮੁਰਾਦ ਫਤਿਆਣਾ:

ਸਾਵੀ ! ਤੈਨੂੰ ਫੇਰਾਂ ਨਿੱਤ ਖਰਖਰੇ,

ਤੇ ਦੇਵਾਂ ਖੰਡ ਨਿਹਾਰੀ

ਇਕ ਵਾਰੀ ਲੈ ਚੱਲ ਬਰਕਲੀ ਅੰਗਰੇਜ ਤੇ

ਮੈਂ ਵੇਖਾਂ ਉਸ ਦੀ ਬੱਘੀ ਕਾਰੀ

ਸਾਵੀ ਆਖੇ: ਤੂੰ ਕਰ ਬਿਸਮਿੱਲਾ,

ਧਰ ਪੈਰ ਰਕਾਬੇ

ਮੈਂ ਜਾਸਾ ਮਾਰ ਉਡਾਰੀ

ਫੇਰ ਸਵਾ ਦਿਹੁੰ ਆਇਆ

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਤੇ ਸਾਵੀ ਜਾ ਲੱਥੀ,
ਵਿਚ ਝਾਂਬਰੇ ਮਾਰ ਉਡਾਰੀ
ਅੰਗਰੇਜ਼ ਬਰਕਲੇ ਤੇ ਮੁਰਾਦ ਫ਼ਤਿਆਣਾ
ਵਿਚ ਮੈਦਾਨ ਦੇ
ਗਏ ਰਲ ਖੱਡਕਾਰੀ
ਅੰਗਰੇਜ਼ ਦੀ ਸਾਂਗ ਕੁਝ ਛਲਾਂਗ ਤੇ
ਮੁਰਾਦ ਦੀ ਸਾਂਗ ਕੁਝ ਭਾਰੀ
ਮੁਰਾਦ ਦਲੇਲ ਦਾ
ਅੱਪੜਿਆ ਅੰਗਰੇਜ਼ ਤੇ
ਉਸ ਸਾਂਗ ਜਿਗਰ ਵਿਚ ਮਾਰੀ
ਥੇ ਨੇਹੁੰ ਕੱਢ ਸੁਟਿਓਸ,
ਜਿਉਂ ਮੱਟ ਵਿਚੋਂ ਲਿੱਛਾ ਲੈਂਦਾ ਝੋਲ ਲਲਾਰੀ
ਸ਼ਾਬਾਸ਼ ਘੱਤੋ ਸੂਜੇ ਭਦਰੋ ਨੂੰ,
ਜਿਸ ਢ੍ਹਾਂਦੇ ਨੂੰ ਡਾਂਗ ਮਾਰੀ
ਤੇ ਖਿੱਦੋ ਕਰ ਅੰਗਰੇਜ਼ ਸੁੱਟਿਓਸ,
ਪਿਉ ਦਾਦੇ ਦੀ ਪੀੜ੍ਹੀ ਸੂ ਤਾਰੀ [8]

ਢੋਲਾ ਬਾਰ ਦੇ ਇਲਾਕੇ ਦਾ ਹਰਮਨ ਪਿਆਰਾ ਕਾਵਿ-ਰੂਪ ਹੈ।[9] ਬਾਰ ਦੇ ਇਲਾਕੇ ਦੇ ਕਬੀਲਿਆਂ (ਜਿੰਨਾਂ ਨੂੰ ਅੰਗਰੇਜ਼ਾਂ ਦੀ ਰੀਸੋ-ਰੀਸੀ ਅਸੀਂ ਜਾਂਗਲੀ ਵੱਸੋ ਕਹਿੰਦੇ ਹਾਂ) ਦੇ ਸਾਦ-ਮੁਰਾਦਾ ਤੇ ਖੁੱਲੇ-ਖਲਾਸੇ ਜੀਵਨ ਵਾਂਗ ਉਹਨਾਂ ਦਾ ਕਾਵਿ-ਰੂਪ ਢੋਲਾ ਵੀ ਆਪਣੀ ਬਣਤਰ ਪੱਖੋਂ ਖੁੱਲਾ ਲੋਕ-ਕਾਵਿ ਰੂਪ ਹੈ। ਖੁੱਲੇ ਤੋਂ ਸਾਡੀ ਮੁਰਾਦ ਅਜਿਹੀ ਰਚਨਾ ਤੋਂ ਹੈ ਜੋ, ਛੰਦ-ਚਾਲ ਤੇ ਸ਼ਿਲਪ ਪੱਖੋ ਗ਼ਜ਼ਲ ਆਦਿ ਕਾਵਿ-ਰੂਪਾਂ ਵਾਂਗ ਸ਼ਾਸਤਰੀ ਬੰਧੇਜ ਦੀ ਮੁਥਾਜ ਨਹੀਂ ਹੁੰਦੀ। ਢੋਲਾ ਲੇਖਕ ਆਪਣੇ ਵਿਸ਼ੇ ਮੁਤਾਬਿਕ ਸਤਰਾਂ ਅਤੇ ਛੰਦ-ਚਾਲ ਨੂੰ ਵਧਾ-ਘਟਾ ਲੈਂਦਾ ਹੈ।[10] ਰੂਪ-ਬਣਤਰ ਦੀ ਬੰਦਿਸ਼ ਵਾਂਗ ਢੋਲਾ ਸਾਹਿਤ ਦੇ ਵਿਸ਼ੇ ਵੀ ਹਰ ਤਰ੍ਹਾਂ ਦੇ ਬੰਧੇਜ ਤੋਂ ਮੁਕਤ ਹਨ। ਚਰਚਾ ਲਈ ਚੁਣਿਆ ਗਿਆ ਢੋਲਾ ਬਾਰ ਦੇ 1857 ਈ. ਦੇ ਜਾਂਗਲੀ ਵਿਦਰੋਹ ਬਾਰੇ ਹੈ।

1857 ਈ. ਵਿਚ ਜਦੋਂ ਭਾਰਤ ਦੇ ਵੱਖ-ਵੱਖ ਖਿੱਤਿਆਂ ਵਿਚ ਸੈਨਿਕ ਵਿਦਰੋਹ ਹੋਇਆ, ਉਸੇ ਸਮੇਂ ਪੰਜਾਬ ਦੇ ਨੀਲੀ ਬਾਰ ਤੇ ਸਾਂਦਲ ਬਾਰ ਦੇ ਇਲਾਕੇ ਵਿਚ ਅੰਗਰੇਜ਼ਾਂ ਖਿਲਾਫ਼ ਸਥਾਨਿਕ ਵੱਸੋ ਵੱਲੋਂ ਵਿਦਰੋਹ ਦਾ ਬਿਗਲ ਵਜਾ ਦਿੱਤਾ ਗਿਆ। ਸਾਂਦਲ ਬਾਰ ਬਿਆਸ ਤੇ ਰਾਵੀ ਦਰਿਆ ਵਿਚਕਾਰਲੀ ਪੱਟੀ ਦਾ ਨਾਂ ਹੈ ਅਤੇ ਨੀਲੀ ਬਾਰ ਰਾਵੀ ਤੇ ਚਨਾਅ ਦੀ ਵਿਚਕਾਰਲੀ ਜੂਹ ਨੂੰ ਕਹਿੰਦੇ ਹਨ। ਇੱਥੋ ਦੇ ਖਰਲ, ਮਿਹਣੀ ਸਿਆਲ, ਵੱਟੂ, ਹੈਰੋ, ਕਥੀਆ, ਬਘੇਲੇ ਅਤੇ ਵਹਿਣੀਵਾਲ ਆਦਿ ਕਬੀਲਿਆਂ ਨੇ ਅਹਿਮਦ ਖਾਨ ਖਰਲ ਦੀ ਅਗਵਾਈ ਵਿਚ ਅੰਗਰੇਜ਼ ਹਾਕਮਾਂ ਨੂੰ ਸਖ਼ਤ ਟੱਕਰ ਦਿੱਤੀ।[11] ਇਹਨਾਂ ਨੇ ਅੰਗਰੇਜ਼ਾਂ ਨੂੰ ਫ਼ੋਜੀ ਭਰਤੀ ਵਿਚ ਆਪਣੇ ਜਵਾਨ ਤੇ ਘੋੜੀਆਂ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਹ ਜਾਂਗਲੀ ਲੋਕ ਖੁੱਲੇ ਜੁੱਸੇ, ਮਜ਼ਬੂਤ ਕਾਠੀ ਅਤੇ ਨਾਬਰ ਜ਼ਿਹਨ ਵਾਲੇ ਸ਼ਾਹਜ਼ੋਰ ਲੋਕ ਸਨ। ਚੰਗੀ ਨਸਲ ਦੀਆਂ ਘੋੜੀਆਂ ਪਾਲਣ ਤੇ ਤਲਵਾਰ ਵਾਹੁਣ 'ਚ ਮਸ਼ਹੂਰ ਸਨ। ਅੰਗਰੇਜ਼ਾਂ ਨੂੰ ਦੁਨੀਆਂ ਦੇ ਵੱਖ-ਵੱਖ ਖਿੱਤੇ ਫ਼ਤਿਹ ਕਰਨ ਅਤੇ ਖਾਸ ਤੌਰ 'ਤੇ 1857 ਈ. ਦੇ ਲੋਕ ਵਿਦਰੋਹ ਨੂੰ ਦਬਾਉਣ ਲਈ ਇਹਨਾਂ ਸ਼ਾਹਜੋਰ ਲੜਾਕੂਆਂ ਦੀ ਲੋੜ ਸੀ। ਬਾਰ ਦੀ ਉਪਜਾਊ ਧਰਤੀ 'ਤੇ ਵੀ ਅੰਗਰੇਜ਼ ਦੀ ਅੱਖ ਸੀ। ਜਿਸਨੂੰ ਉਹ ਕਪਾਹ ਪੱਟੀ ਵਜੋਂ ਵਿਕਸਿਤ ਕਰਕੇ ਬਰਤਾਨੀਆਂ ਦੀ ਕੱਪੜਾ ਸਨਅਤ ਲਈ ਕੱਚੇ ਮਾਲ ਦਾ ਜਖ਼ੀਰਾ ਬਣਾਉਣਾ ਚਾਹੁੰਦੇ ਸਨ। ਬਾਰ ਦੇ ਕਬੀਲਿਆਂ ਨੇ 1857 ਈ. ਦੇ ਗਦਰ ਦੀ ਸੂਹ ਮਿਲਣ 'ਤੇ ਅੰਗਰੇਜ਼ਾਂ ਨੂੰ ਆਪਣੇ ਹਾਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਬਹਾਦਰ ਸ਼ਾਹ ਜ਼ਫ਼ਰ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਪ੍ਰਵਾਨ ਕੀਤਾ। ਉਸ ਨਾਲ ਇਹਨਾਂ ਮੁਸਲਿਮ ਰਾਜਪੂਤ ਕਬੀਲਿਆਂ ਦੀ ਇਸਲਾਮ ਧਰਮ ਦੀ ਸਾਂਝ ਵੀ ਸੀ। ਅਹਿਮਦ ਖਾਨ ਖਰਲ ਦੀ ਅਗਵਾਈ 'ਚ ਇਹਨਾਂ ਕਬੀਲਿਆਂ ਨੇ ਗਗੀਰਾ ਜੇਲ੍ਹ ਤੋੜ ਲਈ ਅਤੇ ਜਾਂਗਲੀ

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਕੈਦੀ ਛੁਡਾ ਲਏ। ਇਹਨਾਂ ਨੇ ਅੰਗਰੇਜ਼ਾਂ ਦੇ ਕੌਮੀ ਸ਼ਾਹਰਾਹ (ਕਲਕੱਤੇ ਤੋਂ ਪਿਸ਼ਾਵਰ ਤੱਕ) ਨੂੰ ਵਿਚਕਾਰੋਂ ਕੱਟ ਦਿੱਤਾ। ਜਿਸ ਨਾਲ ਅੰਗਰੇਜਾਂ ਦਾ ਪੱਛਮੀ ਪੰਜਾਬ ਦੇ ਅਹਿਮ ਇਲਾਕਿਆਂ ਨਾਲੋਂ ਸੰਪਰਕ ਟੁੱਟ ਗਿਆ।ਹੱਥਲੇ ਢੋਲੇ ਵਿਚ ਅਹਿਮਦ ਖਾਨ ਖਰਲ ਦੇ ਬਾਗੀ ਸਾਥੀਆਂ ਮੁਰਾਦ ਫ਼ਤਿਆਣਾ ਅਤੇ ਸੂਜੇ ਭਦਰੋ ਦੀ ਅੰਗਰੇਜ਼ ਅਸਿਸਟੈਂਟ ਕਮਿਸ਼ਨਰ ਬਰਕਲੇ ਦੀ ਰਾਵੀ ਕਿਨਾਰੇ ਹੋਈ ਝੜਪ ਦਾ ਜ਼ਿਕਰ ਹੈ। ਜਿਸ ਵਿਚ ਉਹ ਮਾਰਿਆ ਗਿਆ ਸੀ। ਅੰਗਰੇਜ਼ਾਂ ਨੇ ਪਹਿਲਾ ਅਹਿਮਦ ਖਾਨ ਖਰਲ, ਮੁਰਾਦ ਫ਼ਤਿਆਣਾ ਤੇ ਉਸਦੇ ਸਾਥੀਆਂ ਨੂੰ ਸਰਕਾਰ ਦੀ ਸਹਾਇਤਾ ਕਰਨ ਲਈ (ਫ਼ੌਜੀ ਭਰਤੀ ਤੇ ਚੰਗੀ ਨਸਲ ਦੀਆਂ ਘੋੜੀਆਂ ਦੇ ਕੇ) ਡਿਪਟੀ ਕਮਿਸ਼ਨਰ ਅਲਿਫਿਨ ਸਟੋਨ ਰਾਹੀਂ ਪੁਚਕਾਰਿਆ ਗਿਆ।

ਅੰਗਰੇਜ ਬਰਕਲੇ ਆਂਹਦਾ ਏ

ਰਾਇ ਅਹਮਦ ਦਿਉ ਘੋੜੀਆ,

ਤੇਰੀ ਲੰਦਨੋ ਲਿਖਾ ਲਿਆਵਸਾਂ ਨੇਕੀਨਾਮੀ।[12]

ਪਰ ਉਹਨਾਂ ਵੱਲੋਂ ਇਨਕਾਰ ਕਰਨ ਤੇ ਉਹਨਾਂ ਦੀਆਂ ਬਾਗੀਆਨਾ ਹਰਕਤਾਂ ਨੂੰ ਠੱਲ ਪਾਉਣ ਲਈ ਕੈਪਟਨ ਬਲੇਕ, ਅਸਿਸਟੈਂਟ ਕਮਿਸ਼ਨਰ ਬਰਕਲੇ, ਕਰਨਲ ਪੈਟੋਨ, ਲੈਫ਼ਟੀਨੈਂਟ ਚਿਚੇਸਟਰ, ਕੈਪਟਨ ਇਲਫ਼ਨਸਟੋਨ, ਕੈਪਟਨ ਚੇਬਰਲੇਨ ਆਦਿ ਅਧਿਕਾਰੀਆਂ ਰਾਹੀਂ ਉਹਨਾਂ ਨੂੰ ਦਬਾਉਣ ਦਾ ਯਤਨ ਕੀਤਾ।[13] ਗੁਗੀਰਾ, ਫ਼ਤਿਹਪੁਰ ਅਤੇ ਗਸ਼ਕੋਰੀ ਥਾਵਾਂ 'ਤੇ ਜਾਂਗਲੀਆਂ ਤੇ ਅੰਗਰੇਜ਼ ਫ਼ੋਜਾਂ ਵਿਚਕਾਰ ਖੂਨੀ ਝਪਟਾ ਹੋਈਆਂ।[14] ਘਣੇ ਜੰਗਲ ਵਾਲਾ ਇਲਾਕਾ ਹੋਣ ਕਰਕੇ ਜਾਂਗਲੀ ਗੁਰੀਲਿਆਂ ਨੇ ਅੰਗਰੇਜ਼ਾਂ ਨੂੰ ਵਖਤ ਪਾਈ ਰੱਖਿਆ। ਕੂਟਨੀਤੀ ਵਰਤਦਿਆਂ ਅੰਗਰੇਜ਼ ਅਧਿਕਾਰੀਆਂ ਨੇ ਅਹਿਮਦ ਖਾਨ ਖਰਲ ਨੂੰ 28 ਸਤੰਬਰ 1857 ਈ. ਨੂੰ ਨਮਾਜ਼ ਪੜ੍ਹਣ ਸਮੇਂ ਧੋਖੇ ਨਾਲ ਕਤਲ ਕਰਵਾ ਦਿੱਤਾ। ਉਸਦੇ ਸਾਥੀ ਸਾਰੰਗ ਤੇ ਮੀਆਂ ਜਹਾਨਾ ਵੀ ਸ਼ਹੀਦ ਹੋ ਗਏ। ਇਹਨਾਂ ਮੌਤਾਂ ਦਾ ਬਦਲਾ ਲੈਣ ਲਈ ਮੁਰਾਦ ਫ਼ਤਿਆਣਾ ਨੇ ਬਰਕਲੇ ਨਾਲ ਦੋ ਹੱਥ ਕੀਤੀ। ਮੁਰਾਦ ਫ਼ਤਿਆਣਾ ਤੇ ਬਹਾਵਲ ਫ਼ਤਿਆਣਾ ਰਾਵੀ ਦੇ ਸਿਰਕੱਢ ਰਾਠਾਂ ਵਿਚੋਂ ਸਨ। ਬਹਾਵਲ ਫ਼ਤਿਆਣੇ ਨੇ ਕਮਾਲੀਏ ਦੇ ਰਹੀਸ ਸਰਫ਼ਰਾਜ ਖਾਨ ਨੂੰ ਖ਼ਤ ਲਿਖਕੇ ਜਾਂਗਲੀਆਂ ਦੀ ਬਗਾਵਤ ਦਾ ਸਾਥ ਦੇਣ ਲਈ ਪ੍ਰੇਰਿਆ ਸੀ ਪਰ ਉਸਨੇ ਆਪਣੀ ਧਰਤੀ ਨਾਲ ਨਮਕ ਹਰਾਮੀ ਕੀਤੀ ਤੇ ਅੰਗਰੇਜ਼ ਕੋਲ ਮੁਖਬਰੀ ਕਰ ਦਿੱਤੀ। ਇਸਦਾ ਜ਼ਿਕਰ ਕਈ ਢੋਲਿਆਂ 'ਚ ਆਇਆ ਹੈ। ਚਰਚਾਂ ਲਈ ਚੁਣੇ ਗਏ ਗੀਤ ਵਿਚ ਬਹਾਵਲ ਦੇ ਛੋਟੇ ਭਰਾ ਮੁਰਾਦ ਫ਼ਤਿਆਣੇ ਦਾ ਜ਼ਿਕਰ ਹੈ। ਝੰਗ ਦੀਆਂ ਕੁਝ ਲੋਕ-ਕਹਾਣੀਆਂ ਤੇ ਲੋਕ-ਗੀਤਾਂ ਵਿਚ ਇਹਨੂੰ ਮਿਹਰ ਮੁਰਾਦ ਫ਼ਤਿਆਣਾ ਵੀ ਕਿਹਾ ਗਿਆ ਹੈ। ਝੰਗ ਦੀ ਇਕ ਲੋਕ-ਕਹਾਣੀ ਦਾ ਵੇਰਵਾ ਨਮੂਨੇ ਲਈ ਪੜ੍ਹ ਲਵੋ:-

ਬਰਕਲੇ ਪੁੱਛਿਆ ਯੇ ਕੌਣ ਆ ਰਿਹਾ ਹੇ? ਉਹਨਾਂ ਦੱਸਿਆ ਕਿ ਮਿਹਰ ਮੁਰਾਦ ਫ਼ਤਿਆਣਾ ਹੇ। ਇਹ ਤੇਰੇ ਕੋਲ ਬਦਲਾ ਲੈਣ ਆਂਵਦਾ ਪਿਆ ਹੇ। ਰਾਅ ਆਹਮਦ ਖਾਨ ਦਾ। ਕੁਦਰਤੀ ਜਿਵੇਂ ਦਹਿਸ਼ਤ ਫ਼ੈਲੀ ਨਾ ਕਿ ਉਹਨਾਂ ਪਿਛਾਹ ਘੋੜੇ ਭਜਾ ਰੱਖੇ। ਬਰਕਲੇ ਦਾ ਘੋੜਾ ਦਰਿਆ ਦੇ ਬੇਟ ਦੇ ਅੱਟ ਇਚ ਫਸ ਗਿਆ। ਮਿਹਰ ਮੁਰਾਦ ਦੀ ਘੋੜੀ ਬਹੂੰ ਤੇਜ ਤਰਾਰ ਹਾ। ਉਹਦਾ ਕੋਈ ਪੈਰ ਜ਼ਮੀਨ ਤੇ ਲੱਗਦਾ ਤੇ ਕੋਈ ਲੱਗਦਾ ਹੀ ਨਾ।........ ਪਹਿਲਾ ਫਾਇਰ ਬਰਕਲੇ ਦਾ ਮਿਹਰ ਮੁਰਾਦ ਦੀ ਖੱਬੀ ਤਲੀ ਇਚ ਲੱਗਾ। ਦੂਸਰਾ ਫੇਰ ਉਸ ਨਹੀਂ ਕਰਨ ਦਿੱਤਾ। ਨੇਜਾ ਮਾਰਿਆ ਤੇ ਬਰਕਲੀ ਨੂੰ ਪਾਰ ਟੱਪ ਗਿਆ। ਹਿੱਕ ਸੋਝਾ [ਸੂਜਾ ਭਦਰੋ] ਨਾਮੀ ਭਦਰੋ ਉਹ ਵੀ ਨਾਲ ਹਾ ਮਿਹਰ ਮੁਰਾਦ ਦੇ। ਉਹਨਾਂ ਬਰਕਲੀ ਦਾ ਸਿਰ ਲਾਹ ਕੇ ਜੀਨ ਨਾਲ ਬੰਨ੍ਹ ਲਿਆ। ਦੂਏ ਫ਼ੌਜੀਆਂ ਦਾ ਮੂੰਹ ਬੰਗਲੇ ਗੋਗੇਰੇ ਨੂੰ ਹੋ ਗਿਆ। ਇਹਨਾਂ ਵੀ ਉਹਨਾਂ ਨੂੰ ਗਰ੍ਹਿਆਂ। ਬੰਗਲੇ ਗੋਗੇਰੇ ਦੇ ਜਾਂਦਿਆਂ ਤਾਈ ਸੰਤਾਲੀ ਆਦਮੀ ਇਹਨਾਂ ਮਾਰੇ ਅੰਗਰੇਜਾਂ ਦੇ।[15]

ਚਰਚਾ ਅਧੀਨ ਢੋਲੇ ਵਿਚ ਮੁਰਾਦ ਫ਼ਤਿਆਣਾ ਆਪਣੀ ਘੋੜੀ ਸਾਵੀ ਨੂੰ ਥਾਪੀ ਦੇ ਕੇ ਮੈਦਾਨੇ-ਜੰਗ 'ਚ ਅੰਗਰੇਜ ਅਸਿਸਟੈਂਟ ਕਮਿਸ਼ਨਰ ਬਰਕਲੇ ਕੋਲੇ ਜਾਣ ਲਈ ਕਹਿੰਦਾ ਹੈ। ਬਾਰਾ ਦੇ ਜਾਂਗਲੀ ਮੋਰਨਾ ਨਸਲ ਦੇ ਘੋੜੇ ਪਾਲਣ ਦੇ ਸ਼ੌਕੀਨ ਸਨ। ਢੋਲਾਕਾਰ ਮੁਰਾਦ ਦੀ ਘੋੜੀ ਸਾਵੀ ਨੂੰ ਅੰਗਰੇਜ਼ ਬਰਕਲੀ ਦੀ ਕਾਲੀ ਘੋੜੀ ਨਾਲੋਂ ਤੇਜ਼-ਤਰਾਰ ਸਾਬਿਤ ਕਰਕੇ ਬਾਰ ਦੇ ਬਾਗੀਆਂ ਦੀ ਬਹਾਦਰੀ ਨੂੰ ਅੰਗਰੇਜ਼ਾਂ 'ਤੇ ਭਾਰੀ ਪਾਉਂਦਾ ਹੈ। ਕੁਝ ਢੋਲਿਆਂ ਵਿਚ ਬਰਕਲੀ ਨੂੰ ਉੱਚੇ-ਲੰਮੇ ਤੇ ਭਰਵੇ ਜੁੱਸੇ ਵਾਲੇ ਨੇਜੇਬਾਜ ਅਤੇ ਤਲਵਾਰ ਦੇ ਧਨੀ ਯੋਧੇ ਵਜੋਂ ਪੇਸ਼ ਕੀਤਾ ਗਿਆ ਹੈ।

'ਬਰਕਲੀ' ਜੀਹਨੂੰ ਦੁਨੀਆਂ ਵੇਖਕੇ ਝੁਕ ਜਾਂਦੀ ਏ

ਜੱਟਾਂ ਲਿਆ ਹੈ ਵੱਲ ਵਿਚ ਰਾਵੀ

ਸੱਤ ਫੁੱਟਾ ਜਵਾਨ ਤੇ ਸੋਹਣਾ ਜੁੱਸਾ

ਮੋਟੀ ਅੱਖ ਅਨਾਰੀ

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਫ਼ੌਜ਼ ਦੇ ਕੋਲ ਖਲਿਆ ਹੋਇਆ ਮੈਨੂੰ ਦਿਸਦਾ ਏ

ਜਿਵੇਂ ਬੱਚਿਆ ਕੋਲ ਖਲੀ ਏ ਬਘਿਆੜੀ

ਬੰਦੂਕਾਂ ਤੇ ਤੋਪਾਂ ਦਾ ਨਾਂ ਨਾ ਲੈਂਦਾ ਏ

ਹੱਥੀ ਪਕੜ ਚਲੇਂਦਾ ਏ ਤਲਵਾਰ ਦੁਧਾਰੀ

ਖਰਲਾਂ ਵੱਲ ਕੇ ਦਰਿਆ ਦੇ ਅੱਟ ਨੂੰ ਚਾ ਘਤਿਆ ਏ

ਘੋੜਾ ਗਿਆ ਏ ਧਸ,

ਸਣੇ ਜੀਨ ਸੁਨਿਹਰੀ

ਪਹਿਲੀ ਮਾਰੀ ਏ ਸੂਜੇ ਭਦਰੋਂ

ਦੂਜੀ ਮੁਰਾਦ ਫ਼ਤਿਆਣੇ ਹੈ ਉਲਾਰੀ

ਵਢ ਟੁਕ ਤੇ ਉਥੇ ਕਬਾਬ ਚਾ ਕੀਤਾ ਨੇ

ਵੇਖੋ ਕੇਡੇ ਚਲਾਕ ਸ਼ਿਕਾਰੀ।[16]

ਬਾਰ ਕੇ ਢੋਲਾਕਾਰ ਮੀਰਦਾਦ ਮਾਰਵਾਣਾ ਨੇ ਆਪਣੇ ਢੋਲਿਆਂ ਵਿਚ ਬਾਰ ਦੇ ਬਾਗੀ ਕਬੀਲਿਆਂ ਦੇ ਸੰਘਰਸ਼ ਨੂੰ ਕਾਨੀਬੱਧ ਕੀਤਾ ਹੈ।ਅੰਗਰੇਜ਼ ਇਤਿਹਾਸਕਾਰਾਂ ਅਤੇ ਬਸਤੀਵਾਦੀ ਹਕੂਮਤ ਦੀ ਵਿਚਾਰਧਾਰਾ ਦੇ ਪਿੱਛਲੱਗੂ ਇਤਿਹਾਸਕਾਰਾਂ ਨੇ ਬਾਰ ਦੇ ਇਲਾਕੇ ਦੇ ਉਹਨਾਂ ਕੌਮੀ ਸ਼ਹੀਦਾਂ ਨੂੰ ਆਪਣੇ ਲਿਖਤੀ ਇਤਿਹਾਸ ’ਚ ਥਾਂ ਨਹੀਂ ਦਿੱਤੀ ਜਾਂ ਵਿਸਾਰ ਦਿੱਤਾ, ਜਿਹਨਾਂ ਨੇ ਭਾਰਤ ਦੇ ਪਹਿਲੇ ਕੌਮੀ ਮੁਕਤੀ ਸੁਤੰਤਰਤਾ ਸੰਗਰਾਮ ਵਿਚ ਅਦੁੱਤੀ ਆਹੂਤੀ ਪਾਈ ਸੀ। ਸ਼ਫਕਤ ਤਨਵੀਰ ਮਿਰਜ਼ਾ ਦਾ ਇਹ ਗਿਲਾਂ ਬਿਲਕੁਲ ਜਾਇਜ਼ ਹੈ ਕਿ ਬਰਤਾਨਵੀ ਬਸਤੀਵਾਦ ਵਿਦੇਸ਼ੀ ਰਾਜ ਦੌਰਾਨ ਸਿੱਖਿਆ ਮਾਹਿਰਾਂ ਨੇ ਪੰਜਾਬੀਆਂ ਤੋਂ ਉਹਨਾਂ ਦੀ ਬੋਲੀ ਖੋਹ ਲਈ ਤਾਂ ਜੋ ਉਹਨਾਂ ਦੀ ਆਪਣੀ ਨਾਬਰੀ ਵਾਲੀ ਪ੍ਰੰਪਰਾ ਨਾਲ ਸਾਂਝ ਦਾ ਨਾੜੂ ਟੁੱਕ ਦਿੱਤਾ ਜਾਵੇ ਤੇ ਉਹ ਆਪਣੇ ਬਾਗੀ ਵਿਰਸੇ ਨੂੰ ਭੁੱਲ ਜਾਣ। ਭਾੜੇ ਦੇ ਇਤਿਹਾਸਕਾਰਾਂ ਨੇ ਮੁੱਠੀ ਭਰ ਅੰਗਰੇਜ਼ ਪੱਖੀ ਟੋਡੀਆਂ (Punjab Chiefs) ਦਾ ਗੁਣ-ਗਾਣ ਤਾਂ ਕੀਤਾ ਪਰ ਪੰਜਾਬ ਦੇ ਅਸਲੀ ਧਰਤੀ-ਪੁੱਤਰਾਂ ਤੇ ‘ਲੱਜ-ਪਾਲਾਂ’ ਨੂੰ ਵਿਸਾਰ ਦਿੱਤਾ। ਪਰ ਬਾਰ ਦੇ ਲੋਕ ਸ਼ਾਇਰਾਂ ਤੇ ਖ਼ਾਸ ਕਰਕੇ ਢੋਲਾਕਾਰਾਂ ਨੇ ਉਹਨਾਂ ਦੀ ਯਾਦ ਨੂੰ ਆਪਣੀਆਂ ਲਿਖਤਾਂ ’ਚ ਸਦਾ ਲਈ ਸਾਂਭ ਲਿਆ। ਸ਼ਫਕਤ ਤਨਵੀਰ ਮਿਰਜ਼ਾ ਦੇ ਇਹ ਸ਼ਬਦ ਦੁਹਰਾ ਲੈਣੇ ਵਧੇਰੇ ਉਚਿਤ ਹਨ:

The unknown bards paid rich tributes to these heroes (rebels of Sandal Bar, Neeli Bar) in the punjabi language. But the foreign educational experts deprived the punjabi language of its rigthfull status which it had enjoyed since the days of Shahjehan. Therefore, the Punjabis at large forgot the long drawn out wars between the East India Company and the Punjabis. They just forgot their proud contribution to the 1857 effort. They were forced to remember only the part played by a few hand picked punjabi quislings. These hand-picked men (Muslims, Hindus and the Sikhes) were made 'Chiefs of Punjab'. The real chiefs of the Punjab like Ahmad Khan Kharl, Nadir Qureshi, Sarang, Mamed, Nathu Khthi, Wali Dad Mardana, Baba Nigahi, Amanat Ali Chishti, Suja Bhadroo Jalla Tarhana, Mokha Vahniwal and many others are forgotten by all but the unknown poets who composed 'Dholas' In which they recorded almost all the events of that turbulent period.

ਚਰਚਾ ਲਈ ਚੁਣੇ ਗਏ ਢੋਲੇ ਤੇ ਪੰਜਾਬ ਦੀ ਲੋਕ ਰੀਤ ਦੇ ਮਿਜਾਜ਼ ਬਾਰੇ ਪ੍ਰਸਿੱਧ ਪਾਕਿਸਤਾਨੀ ਖੋਜੀ ਤੇ ਇਤਿਹਾਸਕਾਰ ਮਹੁੰਮਦ ਆਸਿਫ਼ ਖਾਂ ਲਿਖਦਾ ਹੈ, “ਪੰਜਾਬੀ ਜ਼ੁਬਾਨ ਦਾ ਆਪਣਾ ਮਿਜਾਜ਼ ਏ।....ਏਸ ਵਿਚ ਰਾਜਿਆਂ-ਨਵਾਬਾਂ ਦੇ ਝੂਠੇ ਕਸੀਦੇ ਨਹੀਂ, ਸਗੋਂ ਬਹਾਦਰਾਂ ਦੇ ਜੱਸ ਗਾਏ ਗਏ ਹਨ।.....ਜੰਗ-ਇ-ਆਜ਼ਾਦੀ ਢੇਰ ਸਾਰੇ ‘ਢੋਲੇ’ ਪੰਜਾਬੀ ਵਿਚ ਲਿਖੇ ਲੱਭਦੇ ਹਨ। ਬਰਕਲੀ ਦੇ ਢੋਲੇ ਦੇ ਨਾਂ ਨਾਲ ਮਸ਼ਹੂਰ ਇਹ ਢੋਲਾ ਮੀਰ ਦਾਦ ਮਰਵਾਣਾ ਨੇ ਲਿਖਿਆ ਸੀ। ਮੀਰ ਦਾਦ ਨੇ 1857 ਈ. ਦੀ ਜੰਗ-ਇ-ਆਜ਼ਾਦੀ ਦੇ ਉਹਨਾਂ ਵਾਕਿਆਤ ਨੂੰ ਲਿਖਿਆ ਹੈ, ਜੋ ਉਹਨਾਂ ਦਿਨਾਂ ਵਿਚ ਸਹਾਈਵਾਲ ਤੇ ਏਸ ਦੇ ਆਲੇ-ਦੁਆਲੇ ਵਿਚ ਪੇਸ਼ ਆਏ ਸਨ ਤੇ ਓੜਕ 22 ਸਤੰਬਰ 1857 ਨੂੰ ਐਕਸਟ੍ਰਾ ਅਸਿਸਟੈਂਟ ਕਮਿਸ਼ਨਰ ਮਿਸਟਰ ਬਰਕਲੇ ਤੇ ਉਸਦੇ 50

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਘੋੜ ਸਵਾਰ ਸਿਪਾਹੀਆਂ ਦੇ ਕਤਲ ਤੇ ਉਸ ਮਗਰੋਂ ਖਰਲ, ਕਾਠੀਆ, ਵੱਟੂ ਤੇ ਦੂਜੀਆਂ ਕੌਮਾਂ ਦੇ ਸਰਦਾਰਾਂ ਨੂੰ ਫਾਂਸੀਆਂ ਦਿੱਤੀਆਂ ਗਈਆ ਸਨ।[18]

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਰਕਾਰੀ ਦਸਤਾਵੇਜਾਂ ਦੁਆਰਾ ਤਸਦੀਕੀ ਇਤਿਹਾਸ ਸਹੀਂ ਮਾਅਨਿਆ ਵਿਚ ਇਤਿਹਾਸ ਨਹੀਂ ਹੁੰਦਾ। ਕੇਵਲ ਤੱਥਾਂ, ਨਾਵਾਂ, ਥਾਵਾਂ ਅਤੇ ਘਟਨਾਵਾਂ ਦਾ ਤਫ਼ਸੀਲੀ ਬਿਆਨ ਵੀ ਸਾਹਿਤ ਨਹੀਂ ਹੁੰਦਾ। ਮੌਖਿਕ ਪਰੰਪਰਾਵਾਂ ਅਤੇ ਲੋਕ-ਸਾਹਿਤ ਵਿਚ ਸੁਰੱਖਿਅਤ ਇਤਿਹਾਸ ਭਾਵੇਂ ਸੰਕੇਤਕ ਹੀ ਹੁੰਦਾ ਹੈ ਪਰ ਉਹ ਵਧੇਰੇ ਸੱਚਾ ਅਤੇ ਲੋਕ-ਮੁੱਖੀ ਹੁੰਦਾ ਹੈ। ਇਤਿਹਾਸ ਤੱਥਾਂ ਦੀ ਤਫ਼ਸੀਲ ਬਿਆਨਦਾ ਹੈ ਪਰ ਮਨੁੱਖਤਾ ਦੁਆਰਾ ਭੋਗੇ ਦਰਦ ਨੂੰ ਬਿਆਨਣ ਤੋਂ ਕੋਰਾ ਹੁੰਦਾ ਹੈ। ਮੌਖਿਕ ਪ੍ਰੰਪਰਾਵਾਂ ਤੇ ਲੋਕ-ਸਾਹਿਤ ਲੋਕਾਂ ਦੀ ਸਿਮਰਤੀ ਵਿਚ ਪਏ ਦਰਦ ਨੂੰ ਸਾਂਭਦਾ ਤੇ ਸਦਾਕਾਲੀ/ਚਿਰਜੀਵੀ ਬਣਾਉਂਦਾ ਹੈ। ਲੋਕ-ਸਾਹਿਤ ਦੇ ਇਤਿਹਾਸ ਨਿਰਮਾਣ 'ਚ ਮਹੱਤਵ ਬਾਰੇ ਪ੍ਰਸਿੱਧ ਹਿੰਦੀ ਚਿੰਤਕ ਮੈਨੇਜਰ ਪਾਂਡੇ ਦਾ ਇਹ ਕਥਨ ਅਪੂਰਵ ਮਹੱਤਵ ਦਾ ਧਾਰਨੀ ਹੈ:-

ਇਤਿਹਾਸ ਤੱਥਾਂ ਦੀ ਚਰਚਾ ਕਰਦਾ ਹੈ ਪਰ ਝੰਜੋੜ ਦੇਣ ਵਾਲੀਆਂ

ਦਰਦਨਾਕ ਸਿਮਰਤੀਆਂ ਦੀ ਨਹੀਂ। ਜਦੋਂ ਕਿ ਹਾਰੇ ਤੇ ਗ਼ੁਲਾਮ ਬਣਾ

ਦਿੱਤੇ ਗਏ ਮਨੁੱਖਾਂ ਦੀ ਸਿਮਰਤੀ ਬਹੁਤ ਲੰਬੀ ਹੁੰਦੀ ਹੈ। ਕੰਬਾ ਦੇਣ ਵਾਲੀਆਂ

ਸਥਿਤੀਆਂ ਨੂੰ ਸੰਜੀਵ, ਪ੍ਰਭਾਵਸ਼ਾਲੀ ਤੇ ਚਿਰਜੀਵੀ ਬਣਾਉਣ ਦਾ ਕੰਮ ਸਾਹਿਤ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ

1. "Allan Nevis, The Founder of Columbia University's oral history programme in 1948, is among those who feel that folklore mirrors history and he points out that folk songs and legends should be considered in the study of American history."
2. -Lynwood Motell, Oral History an Interdisciplinary Anthology, 1996, p.179
3. Jeorge Laurence Gomme, Folklore as an Historical Science, 1908, p.35-36
4. ਆਰ.ਸੀ.ਟੈਂਪਲ, ਹਵਾਲਾ, ਸਈਦ ਭੁੱਟਾ, ਦਾ ਲੀਜੈਂਡਜ ਆਫ਼ ਦਾ ਪੰਜਾਬ: ਕੁਝ ਨਵੇਂ ਵਿਚਾਰ, ਪਰਖ Vol-II ਜੁਲਾਈ-ਦਸੰਬਰ 2013, ਪੰਨਾ.24
5. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, 1995, ਪੰਨਾ 131
6. ਅਲੈਗਜਾਂਦਰ ਕਰੇਪ, ਹਵਾਲਾ, ਡਾ. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, 2006, ਪੰਨਾ 84
7. ਡਾ. ਐੱਸ.ਐੱਸ. ਵਣਜਾਰਾ ਬੇਦੀ, ਲੋਕਧਾਰਾ ਤੇ ਸਾਹਿਤ, 1977, ਪੰਨਾ 7
8. Iftikhar Ahmad, A Reflection of the History of Punjab in Folk Litrature, (PH.D thesis), University Oriental College Punjab University Lahore, 2014, p.16
9. ਇਕਬਾਲ ਅਸਦ, ਪੰਜਾਬ ਦੇ ਲਜਪਾਲ ਪੁੱਤਰ (ਸ਼ਾਹਮੁਖੀ), ਪੰਨਾ 112-13

10। ਡਾ. ਸ਼ੇਰਚੰਦ (ਸੰਪਾਦਕ), ਢੋਲੇ ਵੱਲੂ ਰਾਮ ਬਾਜੀਗਰ ਦੇ, 2009, ਪੰਨਾ 15

11। 'ਢੋਲਾ' ਬਾਰ ਦੇ ਜਾਂਗਲੀਆਂ ਦਾ ਹਰਮਨ ਪਿਆਰਾ ਲੋਕ ਕਾਵਿ ਰੂਪ ਹੈ। ਜਾਂਗਲੀਆਂ ਦੇ ਖੁੱਲੇ-ਖਲਾਸੇ ਜੀਵਨ ਵਾਂਗ ਕਾਵਿ ਰੂਪ ਢੋਲਾ ਵੀ ਛੰਦ ਅਤੇ ਸ਼ਿਲਪ ਦੀਆਂ ਕਰੜੀਆਂ ਬੰਦਸ਼ਾਂ ਦਾ ਮੁਥਾਜ ਨਹੀਂ। ਜਾਂਗਲੀਆਂ ਦੇ ਵੇਗਮੱਤੇ, ਚਾਵਾਂ ਤੇ ਅੱਥਰੇ ਜਜ਼ਬਿਆਂ ਵਾਂਗ ਢੋਲੇ ਦੀ ਲੈਅ ਵੀ ਤਿੱਖੀ ਹੁੰਦੀ ਹੈ। ਸੱਭਿਅਕ ਸਲੀਕੇ ਅਤੇ ਨਗਰੀ ਸੁਹਜ-ਸਵਾਦ ਦੀ ਛੋਹ ਤੋਂ ਅਭਿੱਜ ਜਾਂਗਲੀਆਂ ਦੇ ਸਾਦ-ਮੁਰਾਦਾ ਜੀਵਨ ਨੂੰ ਪੇਸ਼ ਕਰਨ ਵਾਲਾ ਲੋਕ-ਕਾਵਿ ਰੂਪ ਢੋਲਾ ਵੀ ਕਿਸੇ ਉਚੇਚੇ ਕਲਾਤਮਿਕ ਸੁਹਜ ਦੀ ਸਖ਼ਤਾਈ ਨਾਲ ਪਾਲਣਾ ਦੀ ਮੰਗ ਨਹੀਂ ਕਰਦਾ।.....ਜਿਵੇਂ ਕੁਦਰਤ ਨਾਲ ਜੂਝਦਾ ਕਿਰਤੀ ਬੰਦਾ ਸੱਭਿਅਕ ਰੱਖ-ਰਖਾਅ ਤੇ ਰੀਤ ਪੂਜਾ ਤੋਂ ਬੇਪਰਵਾਹ ਹੁੰਦਾ ਹੈ, ਤਿਵੇਂ ਉਸਦੀ ਕਲਾ ਵੀ ਰੂਪਕ ਸੁਹਜ-ਸੁਆਦ ਦੀਆਂ ਸਨਾਤਨੀ ਭੁੱਲ-ਭੁਲਾਈਆਂ ਤੋਂ ਬੇਨਿਆਜ਼ ਹੁੰਦੀ ਹੈ।" -ਡਾ. ਸੁਖਦੇਵ ਸਿੰਘ,'ਡਸਟ ਕਵਰ' ਢੋਲੇ ਵੱਲੂਰਾਮ ਬਾਜੀਗਰ ਦੇ

12. Shafqat Tanveer Mirza, Resistance Themes in Punjabi Litrature, 1992, p.100-101
13. ibid, p.103
14. ibid, p.104
15. Iftikhar Ahmad, Op. Cite, p.115-16

16। ਸਈਦ ਭੁੱਟਾ, ਨਾਬਰ ਕਹਾਣੀ (ਸ਼ਾਹਮੁਖੀ ਲਿਪੀ), ਪੰਨਾ 91-92

17. ਇਕਬਾਲ ਅਸਦ, ਉਹੀ, ਪੰਨਾ 111
18. Shafqat Tanveer Mirza, Op. Cite, p.101

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

19. ਮੁਹੰਮਦ ਆਸਿਫ਼ ਖ਼ਾਂ, ‘ਦੇਸ਼ ਪਿਆਰ ਦੀ ਸਾਡੀ ਰਵਾਇਤ’ ਪਾਕਿਸਤਾਨੀ ਪੰਜਾਬੀ ਸਾਹਿਤ, 2001, ਸੁਤਿੰਦਰ ਸਿੰਘ ਨੂਰ ਤੇ ਰਵੇਲ ਸਿੰਘ(ਸੰਪਾ.), ਪੰਨਾ 137–39

20. ਮੈਨੇਜਰ ਪਾਂਡੇ, ਲੋਕਗੀਤੋਂ ਔਰ ਗੀਤੋਂ ਮੇਂ 1857,2015 ,ਪੰਨਾ 1